113

ਵੱਲੋਂ

ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ ਵਿਭਾਗ, ਪੰਜਾਬ।

ਸੇਵਾ ਵਿਚ

ਸਮੂਹ ਜਿਲ੍ਹਾ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਵਿਭਾਗ,
ਪੰਜਾਬ ਰਾਜ ਵਿਚ।
ਮੀਮੋ ਨੰਬਰ: ਆਰ.ਪੀ.2ਚ-2016/ 41
ਮਿਤੀ, ਚੰਡੀਗੜ੍ਹ 20/1/2016

ਵਿਸਾ : ਖਰੀਫ ਸੀਜਨ 2015-16 ਦੌਰਾਨ ਖਰੀਦ ਕੀਤੇ ਗਏ ਝੋਨੇ ਦੀ ਸਾਂਭ ਸੰਭਾਲ ਸਬੰਧੀ।

ਹਵਾਲਾ ਉਪਰੋਕਤ ਵਿਸੇ ਦੇ ਸਬੰਧ ਵਿਚ।

2. ਖਰੀਫ ਸੀਜਨ 2015-16 ਦੌਰਾਨ ਖਰੀਦ ਕੀਤੇ ਗਏ ਝੋਨੇ ਦੀ ਸਾਂਭ ਸੰਭਾਲ ਸਬੰਧੀ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਨਿਰੀਖਕ ਵਲੋਂ ਖਰੀਦੀ ਗਈ ਪੈਡੀ ਸਹੀ ਢੰਗ ਨਾਲ ਸੈਲਰ ਵਿਚ ਪਹੁੰਚਣ ਉਪਰੰਤ ਉਸਦੀ ਮਾਤਰਾ ਰੀਕੰਨਸਾਈਲ ਕਰਕੇ, ਸੈਲਰ ਮਾਲਕ ਵਲੋਂ ਪ੍ਰਾਪਤ ਰਸੀਦ ਸਮੇਤ, ਸਰਕਲ ਦਫਤਰ ਨੂੰ ਰਿਪੋਰਟ ਭੇਜੀ ਜਾਵੇ। ਖਰੀਦ ਕੀਤੀ ਗਈ ਕੁਲ ਪੈਡੀ ਦੀ ਆੜ੍ਹਤੀਆਂ ਨੂੰ ਅਦਾਇਗੀ ਸਬੰਧੀ ਵੀ ਪੂਰਾ ਵੇਰਵਾ ਸਰਕਲ ਦਫਤਰ ਨੂੰ ਭੇਜਿਆ ਜਾਵੇ।
2. ਰਾਈਸ ਮਿਲਾਂ ਵਿਚ ਪੈਡੀ ਦੀ ਪਹੁੰਚ ਤੋਂ ਬਾਅਦ ਪੈਡੀ ਦੀ ਮਾਤਰਾ ਅਤੇ ਕੁਆਲਟੀ ਲਈ ਰਾਈਸ ਮਿਲਰ ਦੀ ਨਿਰੋਲ ਜਿੰਮੇਵਾਰੀ ਹੋਵੇਗੀ।
3. ਨਿਰੀਖਕ ਵਲੋਂ ਰਾਈਸ ਮਿਲ ਵਿਚ ਸਟੋਰ ਪੈਡੀ ਦੀ ਨਿਗਰਾਨੀ ਅਤੇ ਦੇਖਰੇਖ ਪੂਰੀ ਇਮਾਨਦਾਰੀ, ਦਿਆਨਤਦਾਰੀ ਅਤੇ ਲਗਨ ਨਾਲ ਕੀਤੀ ਜਾਵੇਗੀ ਤਾਂ ਜੋ ਸਰਕਾਰ ਜਾਂ ਏਜੰਸੀ ਨੂੰ ਕਿਸੇ ਵੀ ਕਿਸਮ ਦਾ ਕੋਈ ਨੁਕਸਾਨ ਨਾ ਹੋਵੇ।
4. ਨਿਰੀਖਕ ਵਲੋਂ ਯਕੀਨੀ ਬਣਾਇਆ ਜਾਵੇਗਾ ਕਿ ਉਸਦੇ ਵਿਭਾਗ ਵਲੋਂ ਵਾਸਤਵਿਕ ਪੜਤਾਲ/ਨਿਰੀਖਣ ਲਈ ਦਿੱਤੀ ਸਮਾਂ ਸਾਰਨੀ ਦੀ ਪੂਰੀ ਪਾਲਣਾ ਹੋਵੇ।
5. ਪੈਡੀ ਦੇ ਸਟਾਕ ਦੀ ਹਦਾਇਤਾਂ ਅਨੁਸਾਰ ਪੀ.ਵੀ.ਕਰਨ ਅਤੇ ਮਿਲਿੰਗ ਸਬੰਧਤ ਸਾਰਾ ਰਿਕਾਰਡ ਮੇਨਟੇਨ ਕਰਨ/ਕਰਵਾਉਣ ਦੀ ਜਿੰਮੇਵਾਰੀ ਨਿਰੀਖਕ ਦੀ ਹੋਵੇਗੀ।
6. ਪੈਡੀ ਦੀ ਮਾਤਰਾ ਜਾਂ ਕੁਆਲਟੀ ਬਾਰੇ ਕਿਸੇ ਕਿਸਮ ਦੀ ਸੰਕਾ ਹੋਣ ਤੇ ਮੌਕੇ ਤੇ ਹੀ ਸਬੰਧਤ ਨਿਰੀਖਕ ਫੌਰੀ ਤੌਰ ਤੇ ਮੁੱਢਲੀ ਜਾਂਚ ਕਰਕੇ ਇਸ ਸਬੰਧੀ ਰਿਪੋਰਟ ਆਪਣੇ ਉੱਚ ਅਧਿਕਾਰੀਆਂ (ਸ.ਖ.ਸ.ਅ/ਫੀਲਡ ਅਫਸਰ ਅਤੇ ਜਿਲ੍ਹਾ ਮੈਨੇਜਰ) ਨੂੰ ਦੋ ਪਰਤਾਂ ਵਿਚ ਭੇਜੇਗਾ। ਇਸ ਤਰ੍ਹਾਂ ਫੌਰੀ ਤੌਰ ਤੇ ਘਾਟ ਸਬੰਧੀ ਰਿਪੋਰਟ ਉਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਉਣ ਤੇ ਨਿਰੀਖਕ ਦੇ ਖਿਲਾਫ ਕੋਈ ਕਾਰਵਾਈ/ਕੇਸ ਨਹੀਂ ਕੀਤੀ ਜਾਵੇਗੀ/ਜਾਵੇਗਾ, ਬਸਰਤੇ ਕਿ ਬਾਅਦ ਵਿਚ ਨਿਰੀਖਕ ਦੀ ਮਿਲਰ ਨਾਲ ਕਿਸੇ ਤਰ੍ਹਾਂ ਦੀ ਮਿਲੀਭੁਗਤ ਸਾਬਤ ਨਾ ਹੁੰਦੀ ਹੋਵੇ।
7. ਜੇਕਰ ਸਬੰਧਤ ਏਜੰਸ ਦੇ ਕਿਸੇ ਵੀ ਸੀਨੀਅਰ ਅਧਿਕਾਰੀ ਜਾਂ ਟੀਮ ਦੇ ਧਿਆਨ ਵਿਚ ਆਉਂਦਾ ਹੈ ਕਿ ਨਿਰੀਖਕ ਵਲੋਂ ਹਦਾਇਤਾਂ ਅਨੁਸਾਰ .ਪੀ.ਵੀ/ਨਿਰੀਖਣ ਨਹੀਂ ਕੀਤਾ ਗਿਆ, ਸਹੀ ਰਿਕਾਰਡ ਮੇਨਟੇਨ ਨਹੀ ਕੀਤਾ ਜਾ ਰਿਹਾ, ਉਸ ਵਲੋਂ ਫਰਜੀ ਐਂਟਰੀਆਂ ਪਾਈਆਂ ਹੋਈਆਂ ਹਨ ਅਤੇ ਰਿਕਾਰਡ ਅਤੇ ਅਸਲ ਮਾਤਰਾ/ਕੁਆਲਟੀ ਵਿਚ ਕੋਈ ਫਰਕ ਹੈ ਅਤੇ ਪੈਡੀ ਸਟੋਰ ਕੀਤੀ ਗਈ ਜਗ੍ਹਾ ਤੋਂ ਖੁਰਦ ਬੁਰਦ ਕਰ ਲਈ ਗਈ ਹੈ ਤਾਂ ਅਜਿਹੇ ਹਾਲਤਾਂ ਵਿਚ ਨਿਰੀਖਕ ਦੀ ਬਰਾਬਰ ਜਿੰਮੇਵਾਰੀ ਹੋਵੇਗੀ ਅਤੇ ਉਸ ਵਿਰੁੱਧ ਕੋਈ ਵੀ ਕਾਰਵਾਈ ਕਰਨ ਲਈ ਸਬੰਧਤ ਏਜੰਸੀ ਆਜਾਦ ਹੋਵੇਗੀ।

20/1/2016
ਐਡੀਸਨਲ ਡਾਇਰੈਕਟਰ (ਚੌਲ)

ਪਿੱਠ ਅੰਕਣ ਨੰਬਰ:ਆਰ.ਪੀ.2ਚ-2016/ 42 ਮਿਤੀ, ਚੰਡੀਗੜ੍ਹ 20/1/2016

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ;-

1. ਮੈਨੇਜਿੰਗ ਡਾਇਰੈਕਟਰ, ਪੰਜਾਬ ਐਗਰੋ ਫੂਡਗਰੇਨਜ ਕਾਰਪੋਰੇਸਨ, ਸੈਕਟਰ 28, ਚੰਡੀਗੜ੍ਹ।
2. ਮੈਨੇਜਿੰਗ ਡਾਇਰੈਕਟਰ, ਪੰਜਾਬ ਰਾਜ ਗੁਦਾਮ ਨਿਗਮ, ਸੈਕਟਰ 17, ਚੰਡੀਗੜ੍ਹ।
3. ਮੈਨੇਜਿੰਗ ਡਾਇਰੈਕਟਰ, ਮਾਰਕਫੈਡ, ਸੈਕਟਰ 35, ਚੰਡੀਗੜ੍ਹ।
4. ਮੈਨੇਜਿੰਗ ਡਾਇਰੈਕਟਰ, ਪਨਸਪ, ਸੈਕਟਰ 34, ਚੰਡੀਗੜ੍ਹ।
5. ਮੈਨੇਜਿੰਗ ਡਾਇਰੈਕਟਰ, ਪਨਗਰੇਨ, ਅਨਾਜ ਭਵਨ, ਸੈਕਟਰ 39/ਸੀ, ਚੰਡੀਗੜ੍ਹ।
6. ਪ੍ਰਧਾਨ, ਪੰਜਾਬ ਖਰੀਦ ਏਜੰਸੀਆਂ ਦੀ ਸਾਂਝੀ ਤਾਲਮੇਲ ਕਮੇਟੀ, ਚੰਡੀਗੜ੍ਹ।

ਐਡੀਸਨਲ ਡਾਇਰੈਕਟਰ (ਚੌਲ)